ਪ੍ਰੈੱਸ ਨੋਟ ਨੰਬਰ-2

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਬਠਿੰਡਾ

## ਕਰਫ਼ਿਊ ਦੌਰਾਨ ਮਾਲਵੇ ਦੇ 6 ਜ਼ਿਲ੍ਹਿਆਂ 'ਚ ਵੇਰਕਾ ਵਲੋਂ ਕੀਤੀ ਜਾ ਰਹੀ ਹੈ ਨਿਰਵਿਘਨ ਸਪਲਾਈ : ਰਾਕੇਸ਼ ਕੁਮਾਰ ਗੁਪਤਾ

### ਬਠਿੰਡਾ 'ਚ 1.75 ਲੱਖ ਲੀਟਰ ਦੁੱਧ, 20 ਟਨ ਦਹੀ ਤੇ 4 ਟਨ ਪਨੀਰ ਦੀ ਕੀਤੀ ਜਾ ਚੁੱਕੀ ਹੈ ਘਰ-ਘਰ ਸਪਲਾਈ

ਬਠਿੰਡਾ, 31 ਮਾਰਚ : ਡਿਪਟੀ ਕਮਿਸ਼ਨਰ ਸ਼੍ਰੀ ਬੀ.ਸ੍ਰੀਨਿਵਾਸਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰਫਿਊ ਕਾਰਨ ਪੈਦਾ ਹੋਏ ਹਲਾਤਾਂ ਨਾਲ ਨਜਿੱਠਣ ਲਈ ਮਿਲਕ ਪਲਾਂਟ ਵੇਰਕਾ ਵਲੋਂ ਦਿਨ-ਰਾਤ ਇੱਕ ਕਰਕੇ ਮਾਲਵੇ ਦੇ 6 ਜ਼ਿਲ੍ਹਿਆਂ 'ਚ ਦੁੱਧ, ਦਹੀ, ਲੱਸੀ ਤੇ ਪਨੀਰ ਆਦਿ ਦੀ ਨਿਰਵਿਘਨ ਸਪਲਾਈ ਘਰ-ਘਰ ਤੱਕ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਸਬੰਧ ਵਿਚ ਵੇਰਕਾ ਵਲੋਂ ਲੱਗਭਗ 30 ਗੱਡੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਵੇਰਕਾ ਮਿਲਕ ਪਲਾਂਟ ਬਠਿੰਡਾ ਦੇ ਜਨਰਲ ਮੈਨੇਜ਼ਰ ਸ਼੍ਰੀ ਰਾਕੇਸ਼ ਕੁਮਾਰ ਗੁਪਤਾ ਨੇ ਸਾਂਝੀ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਵੇਰਕਾ ਮਿਲਕ ਪਲਾਂਟ ਦੇ ਡੀ.ਐੱਮ ਮਾਰਕੀਟਿੰਗ ਸ਼੍ਰੀ ਅਭਿਨਵ ਵਾਟਸ ਨੇ ਦੱਸਿਆ ਕਿ ਵੇਰਕਾ ਵਲੋਂ 23 ਮਾਰਚ ਤੋਂ ਰੋਜ਼ਾਨਾ ਸਵੇਰੇ 5 ਤੋਂ ਲੈ ਕੇ ਸ਼ਾਮ 8 ਵਜੇ ਤੱਕ ਸ਼ਹਿਰ ਤੋਂ ਇਲਾਵਾ ਗੋਨਿਆਣਾ, ਰਾਮਪੁਰਾ, ਭੁੱਚੋਂ, ਤਲਵੰਡੀ ਸਾਬੋ ਵਿਖੇ ਘਰ-ਘਰ ਤੱਕ ਦੁੱਧ, ਦਹੀ, ਲੱਸੀ ਤੇ ਪਨੀਰ ਆਦਿ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 31 ਮਾਰਚ ਮੰਗਲਵਾਰ ਦੁਪਿਹਰ 12 ਵਜੇ ਤੱਕ ਜ਼ਿਲ੍ਹੇ ਅੰਦਰ 1.75 ਲੱਖ ਲੀਟਰ ਦੁੱਧ, 20 ਟਨ ਦਹੀ ਤੇ 4 ਟਨ ਪਨੀਰ, 15 ਹਜ਼ਾਰ ਲੀਟਰ ਲੱਸੀ ਦੀ ਸਪਲਾਈ ਕੀਤੀ ਜਾ ਚੁੱਕੀ ਹੈ।

ਡੀ.ਐਮ. ਸ਼੍ਰੀ ਵਾਟਸ ਨੇ ਹੋਰ ਦੱਸਿਆ ਕਿ ਬਠਿੰਡਾ ਤੋਂ ਇਲਾਵਾ ਵੇਰਕਾ ਮਿਲਕ ਪਲਾਂਟ ਵਲੋਂ ਫ਼ਰੀਦਕੋਟ, ਫ਼ਾਜਿਲਕਾ, ਸ਼੍ਰੀ ਮੁਕਤਸਰ ਸਾਹਿਬ, ਫ਼ਿਰੋਜ਼ਪੁਰ ਅਤੇ ਮਾਨਸਾ ਜ਼ਿਲ੍ਹਿਆਂ 'ਚ ਵੀ ਨਿਰਵਿਘਨ ਸਪਲਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਦੇ ਵਿਚ ਵੇਰਕਾ ਮਿਲਕ ਪਲਾਂਟ ਵਲੋਂ ਕਿਸੇ ਵੀ ਨਾਗਰਿਕ ਨੂੰ ਦੁੱਧ, ਦਹੀ, ਪਨੀਰ ਅਤੇ ਲੱਸੀ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

Scanned with CamScanner